To: Akalcollegeofeducationmastuana <akalcollegeofeducationmastuana@yahoo.co.in>

ਨਗਰ ਅਤੇ ਗ੍ਰਾਮ ਯੋਜਨਾਬੰਦੀ ਵਿਭਾਗ,ਪੰਜਾਬ।

ਵੱਲ,

ਜ਼ਿਲ੍ਹਾ ਨਗਰ ਯੋਜਨਾਕਾਰ,
ਸੰਗਰੂਰ।

ਵੱਲ,

ਸਕੱਤਰ,
ਮੈਨੇਜਿੰਗ ਕਮੇਟੀ, ਅਕਾਲ ਡਿਗਰੀ ਕਾਲਜ,
ਮਸਤੂਆਣਾ ਸਾਹਿਬ, ਜ਼ਿਲ੍ਹਾ ਸੰਗਰੂਰ।

ਯਾਦ ਪੱਤਰ ਨੰ: 645 -ਡੀਟੀਪੀ(ਸ)/ SS-110
ਮਿਤੀ: 10-07-2019

ਵਿਸ਼ਾ:- ਲੈਂਡ ਯੂਜ਼ ਕਲਾਸੀਫਿਕੇਸ਼ਨ ਦੇਣ ਸਬੰਧੀ।

ਹਵਾਲਾ:- ਆਪ ਜੀ ਦੇ ਦਾ ਪੱਤਰ ਨੰ: A.D.C.M. 664/AGI/19 dated 07.01.2019

ਉਪਰੋਕਤ ਵਿਸ਼ੇ ਸਬੰਧੀ ਸੂਚਿਤ ਕੀਤਾ ਜਾਂਦਾ ਹੈ ਕਿ ਵਿਸ਼ੇ ਅਧੀਨ ਸਾਈਟ ਸੰਗਰੂਰ-ਬਰਨਾਲਾ ਸੜਕ ਤੇ ਸਥਿਤ ਗੁਰਦੁਆਰਾ ਮਸਤੂਆਣਾ ਸਾਹਿਬ ਦੇ ਕੰਪਲੈਕਸ ਦੇ ਅੰਦਰ ਪੈਂਦੀ ਹੈ। ਇਹ ਕੰਪਲੈਕਸ ਰੈਵੀਨਿਊ ਅਸਟੇਟ ਬਡਰੁੱਖਾਂ ਅਤੇ ਬਹਾਦਰਪੁਰ ਦੀ ਰੈਵੀਨਿਊ ਅਸਟੇਟ ਵਿੱਚ ਪੈਂਦਾ ਹੈ। ਆਪ ਦੀ ਪ੍ਰਾਪਤ ਬੇਨਤੀ ਅਨੁਸਾਰ ਇਹ ਅਦਾਰਾ 1920 ਤੋਂ ਸਥਾਪਤ ਕੀਤਾ ਹੋਇਆ ਹੈ ਅਤੇ ਉਪ ਮੰਡਲ ਅਫ਼ਸਰ, ਪਾਵਰ ਕਾਮ ਬਡਰੁੱਖਾਂ ਵੱਲੋਂ ਜਾਰੀ ਸਰਟੀਫਿਕੇਟ ਅਨੁਸਾਰ ਵੀ ਅਕਾਲ ਡਿਗਰੀ ਕਾਲਜ ਮਸਤੂਆਣਾ 1986 ਤੋਂ ਚੱਲ ਰਿਹਾ ਹੈ। ਇਹ ਅਦਾਰਾ ਨੋਟੀਫਾਈਡ ਮਾਸਟਰ ਪਲੈਨ ਸੰਗਰੂਰ ਵਿੱਚ ਵਿਦਿਅਕ ਮੰਤਵ ਲਈ ਜਿਉਂ ਦਾ ਤਿਉਂ ਰੱਖਿਆ ਹੋਇਆ ਹੈ। ਇਸ ਕੰਪਲੈਕਸ ਦੀ ਪੁਰਾਣੀ ਬਿਲਡਿੰਗ ਵਿੱਚ ਆਪ ਵੱਲੋਂ ਲਾਅ ਦੀਆਂ ਕਲਾਸਾਂ ਲਗਾਈਆਂ ਜਾਣੀਆਂ ਹਨ। ਇਹ ਬਿਲਡਿੰਗ ਮਿਤੀ 21.01.2005 (ਸਾਰੇ ਪੰਜਾਬ ਵਿੱਚ ਪੁੱਡਾ ਬਿਲਡਿੰਗ ਰੂਲਜ਼ ਲਾਗੂ ਹੋਣ ਦੀ ਮਿਤੀ) ਅਤੇ 17.08.2007 (ਸੀ.ਐਲ.ਯੂ. ਅਤੇ ਈ.ਡੀ.ਸੀ. ਲਾਗੂ ਹੋਣ ਦੀ ਮਿਤੀ) ਤੋਂ ਪਹਿਲਾਂ ਦੀ ਬਣੀ ਹੋਈ ਹੈ। ਇਸ ਲਈ ਇਸ ਦਾ ਭੌਂ ਵਰਤੋਂ ਤਬਦੀਲ ਕਰਵਾਉਣ ਦੀ ਜ਼ਰੂਰਤ ਨਹੀਂ ਹੈ ਅਤੇ ਇਸ ਉਪਰ ਕੰਪਾਊਂਡਿੰਗ ਪਾਲਿਸੀ ਲਾਗੂ ਨਹੀਂ ਹੁੰਦੀ ਹੈ। ਜੇਕਰ ਉਕਤ ਸਾਈਟ/ਬਿਲਡਿੰਗ ਵਿੱਚ ਵਾਧਾ ਜਾਂ ਬਦਲਾਅ ਕੀਤਾ ਜਾਂਦਾ ਹੈ ਕਿ ਤਾਂ ਆਪ ਇਸ ਦੀ ਪੂਰਵ ਪ੍ਰਵਾਨਗੀ ਸਮਰੱਥ ਅਧਿਕਾਰੀ ਪਾਸੋਂ ਪ੍ਰਾਪਤ ਕਰੋਗੇ। ਇਹ ਸੂਚਨਾ ਕੇਵਲ ਲੈਂਡ ਯੂਜ਼ ਕਲਾਸੀਫਿਕੇਸ਼ਨ ਸਬੰਧੀ ਹੈ। ਜੇਕਰ ਇਸ ਸਬੰਧੀ ਕਿਸੇ ਹੋਰ ਵਿਭਾਗ ਤੋਂ ਨਾ-ਇਤਰਾਜ਼ਯੋਗਤਾ ਸਰਟੀਫਿਕੇਟ ਦੀ ਜ਼ਰੂਰਤ ਹੈ ਤਾਂ ਆਪ ਆਪਣੇ ਪੱਧਰ ਤੇ ਪ੍ਰਾਪਤ ਕਰਨ ਦੇ ਪਾਬੰਦ ਹੋਵੋਗੇ।

(ਹਰਿੰਦਰ ਸਿੰਘ ਸੰਧੂ),
ਜ਼ਿਲ੍ਹਾ ਨਗਰ ਯੋਜਨਾਕਾਰ,
ਸੰਗਰੂਰ।
ਐਸ.ਐਸ.

Sent from Yahoo Mail on Android